नामांक Roll No.

| | | | | | | |
|---|---|---|---|---|---|---|
| | | | | | | |

No. of Questions – **12**

No. of Printed Pages – **7**

# SS-25-Punjabi Sah.

## पंजाबी साहित्य (PUNJABI SAHITYA)

### उच्च माध्यमिक परीक्षा, 2020

**Time : 3¼ Hours**

**Maximum Marks : 80**

downloaded from StudentSuvidha.com

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

(1) ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ–ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ 'ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।



Download all NOTES and PAPERS at StudentSuvidha.com

1. ਚੰਗਾ ਦਿਮਾਗ ਤੇ ਚੰਗਾ ਦਿਲ ਅਰੋਗ ਸਰੀਰ ਵਿੱਚ ਹੀ ਰਹਿ ਸਕਦੇ ਹਨ । ਜਿਸ ਮਨੁੱਖ ਦਾ ਸਰੀਰ ਢਿੱਲਾ ਹੈ, ਉਸ ਮਨੁੱਖ ਦਾ ਦਿਮਾਗ ਵੀ ਕੁਝ ਸਮਾਂ ਪਾ ਕੇ ਢਿੱਲਾ ਹੋ ਜਾਂਦਾ ਹੈ । ਉਹੀ ਮਨੁੱਖ ਪੂਰਨ ਆਖਿਆ ਜਾ ਸਕਦਾ ਹੈ, ਜਿਸ ਦਾ ਸਰੀਰ, ਦਿਮਾਗ ਤੇ ਮਨ ਪੂਰੀ ਤਰ੍ਹਾਂ ਵਿਕਸਿਤ ਹੋਣ । ਪੜ੍ਹਾਈ ਦੇ ਨਾਲ–ਨਾਲ ਖੇਡਾਂ ਸਰੀਰ ਨੂੰ ਸਿਹਤਮੰਦ ਰੱਖਣ ਲਈ ਅਤਿ ਲੋੜੀਂਦੀਆਂ ਹਨ । ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ–ਨਾਲ ਖੇਡਾਂ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ । ਖੇਡਾਂ, ਨਿਰਾ ਸਰੀਰ ਨੂੰ ਹੀ ਅਰੋਗ ਨਹੀਂ ਰੱਖਦੀਆਂ ਬਲਕਿ ਆਦਮੀ ਦੇ ਆਚਰਣ ਨੂੰ ਵੀ ਸੰਵਾਰਦੀਆਂ ਹਨ । ਕੁਰਬਾਨੀ, ਜ਼ਬਤ ਤੇ ਹੁਕਮ ਮੰਨਣ ਦੇ ਗੁਣ ਖਿਡਾਰੀ ਵਿੱਚ ਭਰ ਜਾਂਦੇ ਹਨ । ਖੇਡਾਂ ਵਿਦਿਆਰਥੀਆਂ ਵਿੱਚ ਰਲ–ਮਿਲ ਕੇ ਕੰਮ ਕਰਨ ਦੀ ਭਾਵਨਾ ਨੂੰ ਉਜਾਗਰ ਕਰਦੀਆਂ ਹਨ । ਖੇਡਾਂ ਨਾਲ ਵਿਦਿਆਰਥੀਆਂ ਅੰਦਰ ਟਾਕਰੇ ਦੀ ਹਿੰਮਤ ਤੇ ਮੁਕਾਬਲੇ ਦਾ ਸਾਹਸ ਪੈਦਾ ਹੋ ਜਾਂਦਾ ਹੈ, ਤੇ ਉਹ ਜ਼ਿੰਦਗੀ ਦੀਆਂ ਵੱਡੀਆਂ–ਵੱਡੀਆਂ ਮਸੀਬਤਾਂ ਸਾਮ੍ਹਣੇ ਹੌਸਲੇ ਨਾਲ ਡਟ ਕੇ ਖਲੋ ਜਾਂਦੇ ਹਨ ਤੇ ਉਨ੍ਹਾਂ ਉੱਪਰ ਫ਼ਤਹਿ ਪਾ ਲੈਂਦੇ ਹਨ । ਖੇਡਾਂ ਉਹ ਕੁਝ ਸਿਖਾਂਉਂਦੀਆਂ ਹਨ, ਜੋ ਨਿਰੀ ਪੜ੍ਹਾਈ ਨਹੀਂ ਸਿਖਾ ਸਕਦੀ । **2 + 2 + 2 + 2 + 2 = 10**

(ੳ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

(ਅ) 'ਪੂਰਨ ਮਨੁੱਖ' ਕਿਸ ਨੂੰ ਕਿਹਾ ਜਾ ਸਕਦਾ ਹੈ ?

(ੲ) ਖੇਡਾਂ ਨਾਲ ਕਿਹੜੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ?

(ਸ) ਖੇਡਾਂ ਰਾਹੀਂ ਕਿਸ ਉੱਪਰ ਫ਼ਤਹਿ ਪਾਈ ਜਾ ਸਕਦੀ ਹੈ ?

(ਹ) ਸ਼ਬਦਾਰਥ ਲਿਖੋ :

ਅਰੋਗ, ਆਚਰਣ, ਕੁਰਬਾਨੀ, ਫ਼ਤਹਿ

downloaded from StudentSuvidha.com

2. ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਲੇਖ ਤਿਆਰੀ ਕਰੋ – **8**

(ੳ) ਭ੍ਰਿਸ਼ਟਾਚਾਰ

(ਅ) ਅੱਖੀ ਡਿੱਠਾ ਮੇਲਾ

(ੲ) ਸ੍ਰੀ ਗੁਰੂਨਾਨਕ ਦੇਵ ਜੀ

(ਸ) ਵਿਗਿਆਨ ਦੇ ਚਮਤਕਾਰ



Download all NOTES and PAPERS at StudentSuvidha.com

3. ਹੇਠ ਦਿੱਤੇ ਕਿਸੇ **ਇੱਕ** ਵਿਸ਼ੇ ਉੱਪਰ ਕਹਾਣੀ-ਰਚਨਾ ਕਰੋ – **4**

(1) ਬੇਈਮਾਨ ਦੋਧੀ

(2) ਨੇਕੀ ਦਾ ਫਲ

(3) ਸੁਆਰਥੀ ਮਿੱਤਰ

(4) ਬੁਰੀ ਸੰਗਤ ਦਾ ਫਲ

4. (ੳ) ਹੇਠ ਲਿਖੇ ਅਖਾਣਾਂ ਵਿਚੋਂ ਕਿਸੇ **ਦੋ** ਅਖਾਣਾਂ ਦੇ ਅਰਥ ਦੱਸ ਦੇ ਵਾਕਾਂ ਵਿੱਚ ਵਰਤੋਂ ਕਰੋ : **2**

(i) ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ

(ii) ਇੱਕ ਅਨਾਰ, ਸੌ ਬਿਮਾਰ

(iii) ਸੌ ਸੁਨਿਆਰ ਦੀ ਇੱਕ ਲੁਹਾਰ ਦੀ

(iv) ਕੋਹ ਨਾ ਚੱਲੀ, ਬਾਬਾ ਤਿਹਾਈ

(ਅ) ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ **ਦੋ** ਮੁਹਾਵਰਿਆਂ ਦੇ ਅਰਥ ਦੱਸ ਦੇ ਵਾਕਾਂ ਵਿੱਚ ਵਰਤੋਂ ਕਰੋ : **2**

(i) ਉੱਖਲੀ ਵਿੱਚ ਸਿਰ ਦੇਣਾ

(ii) ਆਢਾ ਲਾਉਣਾ

(iii) ਇੱਟ ਨਾਲ ਇੱਟ ਖੜਕਾਉਣੀ

(iv) ਸਾਖੀ ਭਰਨੀ

(ੲ) ਵਿਸ਼ਰਾਮ-ਚਿੰਨ੍ਹਾਂ ਦੀ ਵਰਤੋਂ ਕਰੋ : **3**

(i) ਲਾਹਨਤ ਲੱਖ ਲਾਹਨਤ

(ii) ਸ੍ਰੀ ਗੁਰੂਨਾਨਕ ਦੇਵ ਜੀ ਨੇ ਕਿਹਾ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ

(iii) ਅਮਨ ਆਈ ਏ ਐੱਸ ਅਫ਼ਸਰ ਹੈ



downloaded from StudentSuvidha.com

Download all NOTES and PAPERS at StudentSuvidha.com

5. ਵਾਕ–ਬੋਧ – **1 + 1 + 1 + 1 + 1 + 1 = 6**

(i) ਅਧਿਆਪਕ ਪੜ੍ਹਾ ਰਿਹਾ ਹੋਵੇਗਾ। (ਵਾਕ ਵਿਚੋਂ 'ਕਰਤਾ' ਚੁਣੋ)

(ii) ਬੁਲਬੁਲ ਦਰੱਖ਼ਤ ਉੱਪਰ ਬੈਠੀ ਹੈ। (ਵਾਕ ਵਿਚੋਂ 'ਕਿਰਿਆ' ਚੁਣੋ)

(iii) ਕੁਲਦੀਪ ਪੜ੍ਹ ਰਿਹਾ ਹੈ। (ਬਣਤਰ ਦੇ ਆਧਾਰ 'ਤੇ ਵਾਕ ਦੀ 'ਕਿਸਮ' ਦੱਸੋ)

(iv) ਮਿਹਨਤੀ ਲੋਕ ਕਦੇ ਹਾਰ ਨਹੀਂ ਮੰਨਦੇ। (ਕਾਰਜ ਦੇ ਆਧਾਰ 'ਤੇ ਵਾਕ ਦੀ 'ਕਿਸਮ' ਦੱਸੋ)

(v) ਮੇਰੇ ਮਾਤਾ ਜੀ ਪੜ੍ਹੇ ਲਿਖੇ ਹਨ। (ਵਾਕ ਵਿਚੋਂ ਉਦੇਸ਼ ਚੁਣੋ)

(vi) ਮੈਂ ਸਕੂਲ ਦਾ ਕੰਮ ਮੁਕਾ ਲਿਆ ਹੈ। (ਵਾਕ ਵਿਚੋਂ ਵਿਧੇਅ ਚੁਣੋ)

6. ਹੇਠ ਦਿੱਤੇ ਕਾਵਿ ਬੰਦਾਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਉ। **2½ + 2½ + 2½ + 2½ = 10**

(ੳ) ਦੁਨੀਆਂ ਵੱਸੇ ਰੰਗ ਵਿੱਚ, ਤੂੰ ਕਿਓਂ ਰਿਹੋਂ ਕੰਗਾਲ,
ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ।
ਅਮਰੀਕਾ ਵਿੱਚ ਜੱਟ ਹੀ, ਹੋ ਰਹੇ ਮਾਲਾ ਮਾਲ,
ਸੁਣ ਲੈ। ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।

(i) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ।

(ii) ਉਪਰੋਕਤ ਸਤਰਾਂ ਦੀ ਸਰਲ ਵਿਆਖਿਆ ਕਰੋ।

(iii) ਕੰਗਾਲ ਕੌਣ ਹੈ ? ਤੇ ਕਿਉ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ –

ਰੰਗ, ਕੰਗਾਲ, ਬਰਤਕ, ਪੜਤਾਲ, ਮਾਲਾ ਮਾਲ



downloaded from StudentSuvidha.com

Download all NOTES and PAPERS at StudentSuvidha.com

(ਅ) ਪਰ ਪੜ੍ਹ–ਪੜ੍ਹ ਪੁਸਤਕ ਢੇਰ ਕੁੜੇ,

ਮੇਰਾ ਵਧਦਾ ਜਾਏ ਹਨੇਰ ਕੁੜੇ ।

ਕੁਝ ਅਜ਼ਬ ਇਲਮ ਦੀਆਂ ਜ਼ਿੱਦਾਂ ਨੇ,

ਮੈਨੂੰ ਮਾਰਿਆ ਕਿਉਂ, ਕੀ ਕਿੱਦਾਂ ਨੇ ।

ਮੈਂ ਨਿਸਚੇ ਬਾਝੋਂ ਭਟਕ ਰਿਹਾ,

ਜੰਨਤ ਦੋਜ਼ਖ ਵਿੱਚ ਲਟਕ ਰਿਹਾ ।

ਗੱਲ ਸੁਣ ਜਾ ਭਟਕੇ ਰਾਹੀ ਦੀ,

ਇੱਕ ਚਿਣਗ ਮੈਨੂੰ ਭੀ ਚਾਹੀਦੀ ।

(i) ਉਪਰੋਕਤ ਸਤਰਾਂ ਦਾ ਪ੍ਰਸੰਗ ਬਿਆਨ ਕਰੋ ।

(ii) ਉਪਰੋਕਤ ਕਾਵਿ–ਬੰਦ ਦਾ ਸਰਲ–ਅਰਥ ਲਿਖੋ ।

(iii) ਕੌਣ ਭਟਕ–ਰਿਹਾ ਹੈ ? ਤੇ ਕਿਉਂ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ :

ਹਨੇਰ, ਇਲਮ, ਨਿਸਚਾ, ਜੰਨਤ, ਦੋਜ਼ਖ਼ ।

downloaded from StudentSuvidha.com

7. (ੳ) 'ਸਭ ਤੋਂ ਖ਼ਤਰਨਾਕ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ । **6**

ਜਾਂ

'ਖੜ੍ਹਾ ਸਾਈਕਲ' ਕਵਿਤਾ ਦਾ ਸਾਰ ਬਿਆਨ ਕਰੋ ।

(ਅ) 'ਬਿਰਛ ਨਾਲ ਲੈ ਕੇ ਤੁਰਨਾ ਹੈ' ਕਵਿਤਾ ਦਾ ਕੇਂਦਰੀ ਭਾਵ ਲਿਖੋ । **4**

ਜਾਂ

'ਧੀਆਂ ਦੀਆਂ ਲੋਹੜੀਆਂ' ਕਾਵਿ–ਰਚਨਾ ਰਾਹੀਂ ਕਵੀ ਕੀ ਸੁਨੇਹਾ ਦਿੰਦਾ ਹੈ ?



Download all NOTES and PAPERS at StudentSuvidha.com

8. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਉ – **1 + 1 + 1 + 1 + 1 = 5**

(ੳ) 'ਮੈਨੂੰ ਜਾਣਨੈ ?' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ ।

(ਅ) ਭੂਆ ਅੰਮ੍ਰਿਤਸਰ ਕਦੋਂ ਅਤੇ ਕਿਸ ਨਾਲ ਗਈ ਸੀ ?

(ੲ) 'ਸ਼ਹੀਦ ਦੀ ਮਾਂ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

(ਸ) ਕੇਲੂ ਕੁੰਢੇ ਲਈ ਕੀ ਲੈ ਕੇ ਆਇਆ ਸੀ ?

(ਹ) ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ ?

(ਕ) ਕਰਮ ਸਿੰਘ ਤੇ ਬਚਨੋ ਮਾਂ ਦਾ ਇੱਕਠ ਕਿਵੇਂ ਕਰਨਾ ਚਾਹੁੰਦੇ ਸਨ ?

(ਖ) ਮੇਲੇ ਵਿੱਚ ਬਿੱਕਰ ਦੀ ਮੌਤ ਕਿਵੇਂ ਹੋਈ ਸੀ ?

(ਗ) 'ਗੁੱਡ ਡੀਅਲ' ਕਹਾਣੀ ਕਿਸ ਪਾਤਰ ਦੇ ਆਲੇ–ਦੁਆਲੇ ਘੁੰਮਦੀ ਹੈ ? ਉਸ ਮੁੱਖ–ਪਾਤਰ ਦਾ ਨਾਂ ਲਿਖੋ ।

9. 'ਕੋਈ ਇੱਕ ਸਵਾਰ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **5**

**ਜਾਂ**

'ਆਤੂ ਖੋਜੀ' ਦੀ ਪਾਤਰ–ਉਸਾਰੀ ਆਪਣੇ ਸ਼ਬਦਾਂ ਵਿੱਚ ਲਿਖੋ ।

10. ਹੇਠ ਦਿੱਤੇ ਕਿਸੇ **ਇੱਕ** ਸਾਹਿਤ–ਰੂਪ ਦਾ ਅਰਥ, ਪਰਿਭਾਸ਼ਾ ਅਤੇ ਤੱਤਾਂ ਦਾ ਬਿਆਨ ਕਰੋ : **6**

(i) ਨਾਟਕ

(ii) ਨਿੱਕੀ ਕਹਾਣੀ

(iii) ਰੇਖਾ ਚਿੱਤਰ



downloaded from StudentSuvidha.com

Download all NOTES and PAPERS at StudentSuvidha.com

11. ਸ਼ਿੰਗਾਰ ਜਾਂ ਹਾਸ ਰਸ ਦਾ ਸਥਾਈ ਭਾਵ ਦੱਸਦੇ ਹੋਏ ਉਦਾਹਰਨ ਲਿਖੋ । **2**

12. ਹੇਠ ਦਿੱਤੇ ਵਿਚੋਂ ਕਿਸੇ **ਇੱਕ** ਦਾ ਸੰਖੇਪ ਇਤਿਹਾਸ ਲਿਖੋ : **7**

(ੳ) ਪੰਜਾਬੀ ਕਵਿਤਾ ਦਾ ਇਤਿਹਾਸ

(ਅ) ਪੰਜਾਬੀ ਨਾਵਲ ਦਾ ਇਤਿਹਾਸ

(ੲ) ਪੰਜਾਬੀ ਵਾਰਤਕ – ਨਿਬੰਧ ਦਾ ਇਤਿਹਾਸ

downloaded from StudentSuvidha.com



Download all NOTES and PAPERS at StudentSuvidha.com

DO NOT WRITE ANYTHING HERE

downloaded from StudentSuvidha.com



Download all NOTES and PAPERS at StudentSuvidha.com